ਨੰਬਰ 947 /ਬਗੁਲੇਸ਼ਨ

ਮਿਤੀ 14/10/2024

ਵੱਲੋਂ

ਮੁੱਖ ਇੰਜੀਨੀਅਰ/ਨਹਿਰਾਂ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਵੱਲ

ਨਿਗਰਾਨ ਇੰਜੀਨੀਅਰ,
ਫਿਰੋਜ਼ਪੁਰ ਕੈਨਾਲ ਸਰਕਲ,
ਫਿਰੋਜ਼ਪੁਰ।

ਵਿਸ਼ਾ:- ਰਬੀ ਸਮੇਂ ਮਿਤੀ 24-10-2024 ਤੋਂ ਮਿਤੀ 25-04-2025 ਤੱਕ ਸਰਹੰਦ ਫੀਡਰ, ਈਸਟਰਨ ਕੈਨਾਲ ਅਤੇ ਫਿਰੋਜ਼ਪੁਰ ਫੀਡਰ ਦੀਆਂ ਨਹਿਰਾਂ ਦੇ ਚਲਾਉਣ ਦਾ ਵਾਰੀ ਬੰਦੀ ਪ੍ਰੋਗਰਾਮ।

*******

ਸਰਹੰਦ ਫੀਡਰ, ਈਸਟਰਨ ਕੈਨਾਲ ਅਤੇ ਫਿਰੋਜ਼ਪੁਰ ਫੀਡਰ ਦੀਆਂ ਨਹਿਰਾਂ ਨੂੰ ਰਬੀ ਸਮੇਂ ਦੌਰਾਨ ਮਿਤੀ 24-10-2024 ਤੋਂ ਮਿਤੀ 25-04-2025 ਤੱਕ ਚਲਾਉਣ ਦਾ ਮੁੱਖ ਇੰਜੀਨੀਅਰ/ਨਹਿਰਾਂ ਜੀ ਵੱਲੋਂ ਮੰਨਜ਼ੂਰਸ਼ੁਦਾ ਪ੍ਰੋਗਰਾਮ ਤਿਆਰ ਕਰਕੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। **ਇਸ ਵਾਰੀ ਬੰਦੀ ਪ੍ਰੋਗਰਾਮ ਦਾ ਸਬੰਧਤ ਸਾਰੇ ਕਾਸ਼ਤਕਾਰਾਂ ਦੀ ਆਮ ਜਾਣਕਾਰੀ ਹਿੱਤ ਕਾਫੀ ਪ੍ਰਚਾਰ ਕੀਤਾ ਜਾਵੇ।** ਜਦੋਂ ਕਿ ਸਰਹੰਦ ਫੀਡਰ, ਈਸਟਰਨ ਕੈਨਾਲ ਅਤੇ ਫਿਰੋਜ਼ਪੁਰ ਫੀਡਰ ਦੀਆਂ ਨਹਿਰਾਂ ਦੇ ਸਿਸਟਮ ਦੇ ਦੋਹਾਂ ਗਰੁੱਪਾਂ ਦਾ ਇਨਡੈਂਟ ਵੱਧ ਹੋਵੇ ਜਾਂ ਪਾਣੀ ਦੀ ਉਪਲੱਬਧਤਾ ਘੱਟ ਹੋਵੇ ਤਾਂ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਲਾਗੂ ਕੀਤਾ ਜਾਵੇ।

ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਹੋ ਜਿਹਾ ਵਾਰੀ ਬੰਦੀ ਪ੍ਰੋਗਰਾਮ ਹਰੇਕ ਰਜਬਾਹੇ ਲਈ ਵੀ ਬਣਾਇਆ ਜਾਵੇ ਅਤੇ ਸਬੰਧਤ ਕਾਰਜਕਾਰੀ ਇੰਜੀਨੀਅਰ ਆਪਣੀ ਨਿਗਰਾਨੀ ਹੇਠ ਲਾਗੂ ਕਰਨ ਤਾਂ ਕਿ ਨਹਿਰ ਦੇ ਪਾਣੀ ਦੀ ਬੇ-ਤਰਤੀਬੀ ਵੰਡ ਬਾਰੇ ਕੋਈ ਸ਼ਿਕਾਇਤ ਨਾ ਆਵੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਜਦੋਂ ਬਰਾਂਚ/ਨਹਿਰ ਵਿੱਚ ਪਾਣੀ ਦੀ ਉਪਲੱਬਧਤਾ ਘੱਟ ਹੋਵੇ ਜਾਂ ਇਨਡੈਂਟ ਮੁਤਾਬਿਕ ਨਾ ਚੱਲਦੀ ਹੋਵੇ ਤਾਂ ਹਰੇਕ ਰਜਬਾਹਾ ਆਪਣੀ ਵਾਰੀ ਮੁਤਾਬਿਕ ਪੂਰੇ 8 ਦਿਨਾਂ ਲਈ ਪੂਰੀ ਸਮਰੱਥਾ ਨਾਲ ਚੱਲੇ।

ਇਸ ਵਾਰੀ ਬੰਦੀ ਪ੍ਰੋਗਰਾਮ ਦੀਆਂ ਕਾਪੀਆਂ ਨਹਿਰਾਂ/ਰਜਬਾਹਿਆਂ ਦੇ ਹੈੱਡ ਅਤੇ ਪਿੰਡਾਂ ਦੇ ਸਰਪੰਚਾਂ ਨੂੰ ਵੀ ਦਿੱਤੀ ਜਾਵੇ ਤਾਂ ਕਿ ਕਾਸ਼ਤਕਾਰਾਂ ਨੂੰ ਸਾਲ 2024-2025 ਦੇ ਰਬੀ ਸਮੇਂ ਵਿੱਚ ਪਾਣੀ ਦੀ ਉਪਲੱਬਧਤਾ ਬਾਰੇ ਪੂਰੀ ਜਾਣਕਾਰੀ ਮਿਲ ਸਕੇ। **ਇਹ ਦੇਖਣ ਵਿੱਚ ਆਇਆ ਹੈ ਕਿ ਰਬੀ ਸਮੇਂ ਦੌਰਾਨ ਹਲਕਾ ਦਫ਼ਤਰਾਂ ਵੱਲੋਂ ਨਹਿਰੀ ਪਾਣੀ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ। ਇਸ ਕਰਕੇ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਬੀ ਸਮੇਂ ਦੌਰਾਨ ਵੀ ਪਾਣੀ ਦੀ ਵਰਤੋਂ ਵਧਾਉਣ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ।**

ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਪ੍ਰੋਗਰਾਮ ਤਿਆਰ ਕਰਕੇ ਭੇਜਿਆ ਜਾਂਦਾ ਹੈ। ਜੇਕਰ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਬਦਲਣ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਹੋਵੇ ਤਾਂ ਮੁੱਖ ਇੰਜੀਨੀਅਰ/ਨਹਿਰਾਂ ਜੀ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ।

ਨੱਥੀ/ ਵਾਰੀ ਬੰਦੀ ਪ੍ਰੋਗਰਾਮ
ਦੀਆਂ ਚਾਰ ਕਾਪੀਆਂ

ਸ.ਸਿੰਘ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ,ਜਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ।

ਨੰਬਰ 948-63/ਓਪਰੇਟਰ ਮਿਤੀ 14/10/2024

ਉਪਰੋਕਤ ਦੀ ਕਾਪੀ ਸਮੇਤ ਵਾਰੀ ਬੰਦੀ ਪ੍ਰੋਗਰਾਮ ਹੇਠ ਲਿਖੇ ਦਫ਼ਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਜਲ ਸਰੋਤ ਵਿਭਾਗ, ਚੰਡੀਗੜ੍ਹ।
2. ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, ਦਾਰਾ ਸਟੂਡਿਉ ਦੇ ਸਾਹਮਣੇ ਫੇਜ 6 ਮੋਹਾਲੀ , ।
3. ਲੋਕ ਸੰਪਰਕ ਅਧਿਕਾਰੀ, ਸਿੰਚਾਈ ਮੰਤਰੀ, ਪੰਜਾਬ, ਕਮਰਾ ਨੰ:11, ਪੰਜਵੀ ਮੰਜਿਲ ਸਿਵਲ ਸਕੱਤਰੇਤ, ਚੰਡੀਗੜ੍ਹ
4 ਕਾਰਜਕਾਰੀ ਇੰਜੀਨੀਅਰ, ਬਠਿੰਡਾ ਕੈਨਾਲ ਮੰਡਲ, ਬਠਿੰਡਾ।
5 ਕਾਰਜਕਾਰੀ ਇੰਜੀਨੀਅਰ,ਹਰੀਕੇ ਕੈਨਾਲ ਮੰਡਲ, ਫਿਰੋਜ਼ਪੁਰ।
6. ਕਾਰਜਕਾਰੀ ਇੰਜੀਨੀਅਰ,ਈਸਟਰਨ ਕੈਨਾਲ ਮੰਡਲ, ਫਿਰੋਜ਼ਪੁਰ।
7. ਕਾਰਜਕਾਰੀ ਇੰਜੀਨੀਅਰ,ਅਬੋਹਰ ਕੈਨਾਲ ਮੰਡਲ, ਅਬੋਹਰ।
8 ਡਿਪਟੀ ਕਮਿਸ਼ਨਰ, ਮੁਕਤਸਰ।
9 ਡਿਪਟੀ ਕਮਿਸ਼ਨਰ, ਫਿਰੋਜ਼ਪੁਰ।
10 ਡਿਪਟੀ ਕਮਿਸ਼ਨਰ, ਮੋਗਾ।
11 ਡਿਪਟੀ ਕਮਿਸ਼ਨਰ, ਫਰੀਦਕੋਟ।
12 ਡਿਪਟੀ ਕਮਿਸ਼ਨਰ, ਫਾਜ਼ਿਲਕਾ।
13. ਡਾਇਰੈਕਟਰ, ਐਕਸਟੈਂਸ਼ਨ ਐਜੂਕੇਸ਼ਨ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
14. ਕਾਰਜਕਾਰੀ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ, ਮੁੱਖ ਦਫ਼ਤਰ, ਪੰਜਾਬ, ਚੰਡੀਗੜ੍ਹ।
15. ਇਨਚਾਰਜ ਕੰਪਿਊਟਰ ਸੈੱਲ ਜਲ ਸਰੋਤ ਵਿਭਾਗ ਪੰਜਾਬ ਚੰਡੀਗੜ੍ਹ ਨੂੰ ਵੈਬ ਸਾਇਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

ਸਹਿਪੱਤਰ/ਉਪਰੋਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ।

## **ਸਰਹੰਦ ਫੀਡਰ, ਈਸਟਰਨ ਕੈਨਾਲ ਅਤੇ ਫਿਰੋਜ਼ਪੁਰ ਫੀਡਰ**

ਹਰੀਕੇ ਸਿਸਟਮ ਦੀਆਂ ਨਹਿਰਾਂ ਦਾ ਰਬੀ ਸਮਾਂ, ਮਿਤੀ 24-10-2024 ਤੋਂ ਮਿਤੀ 25-04-2025 ਤੱਕ ਦਾ ਵਾਰੀ ਬੰਦੀ ਪ੍ਰੋਗਰਾਮ।

| ਲੜੀ ਨੰ: | ਸਮਾਂ | | ਗਰੁੱਪ 'ਏ' | ਗਰੁੱਪ 'ਬੀ' |
|---|---|---|---|---|
| | ਤੋਂ | ਤੱਕ | | |
| 1 | 24/10/2024 | 31/10/2024 | 1 | 2 |
| 2 | 01/11/2024 | 08/11/2024 | 2 | 1 |
| 3 | 09/11/2024 | 16/11/2024 | 1 | 2 |
| 4 | 17/11/2024 | 24/11/2024 | 2 | 1 |
| 5 | 25/11/2024 | 02/12/2024 | 1 | 2 |
| 6 | 03/12/2024 | 10/12/2024 | 2 | 1 |
| 7 | 11/12/2024 | 18/12/2024 | 1 | 2 |
| 8 | 19/12/2024 | 26/12/2024 | 2 | 1 |
| 9 | 27/12/2024 | 03/01/2025 | 1 | 2 |
| 10 | 04/01/2025 | 11/01/2025 | 2 | 1 |
| 11 | 12/01/2025 | 19/01/2025 | 1 | 2 |
| 12 | 20/01/2025 | 27/01/2025 | 2 | 1 |
| 13 | 28/01/2025 | 04/02/2025 | 1 | 2 |
| 14 | 05/02/2025 | 12/02/2025 | 2 | 1 |
| 15 | 13/02/2025 | 20/02/2025 | 1 | 2 |
| 16 | 21/02/2025 | 28/02/2025 | 2 | 1 |
| 17 | 01/03/2025 | 08/03/2025 | 1 | 2 |
| 18 | 09/03/2025 | 16/03/2025 | 2 | 1 |
| 19 | 17/03/2025 | 24/03/2025 | 1 | 2 |
| 20 | 25/03/2025 | 01/04/2025 | 2 | 1 |
| 21 | 02/04/2025 | 09/04/2025 | 1 | 2 |
| 22 | 10/04/2025 | 17/04/2025 | 2 | 1 |
| 23 | 18/04/2025 | 25/04/2025 | 1 | 2 |

ਨੋਟ:

1. ਇਹ ਪ੍ਰੋਗਰਾਮ ਬਿਨਾਂ ਕਿਸੇ ਨੋਟਿਸ ਦੇ ਬਦਲਿਆ/ਦੁਹਰਾਇਆ ਜਾ ਸਕਦਾ ਹੈ। ਕਪਾਹ ਦੀ ਫਸਲ ਨੂੰ ਮੁੱਖ ਰੱਖਦੇ ਹੋਏ, ਕਪਾਹ/ਨਰਮੇ ਦੀ ਬਿਜਾਈ ਲਈ ਨਿਗਰਾਨ ਇੰਜੀਨੀਅਰ ਵੱਲ ਇਨ੍ਹਾਂ ਨਹਿਰਾਂ ਵਿੱਚ 26-04-2025 ਤੋਂ ਮਿਤੀ 31-05-2025 ਤੱਕ ਦੇ ਦੌਰਾਨ ਲੋੜ ਅਨੁਸਾਰ ਪਹਿਲ ਦੇ ਅਧਾਰ ਤੇ ਪਾਣੀ ਦਿੱਤਾ ਜਾਵੇ।
2. ਪਹਿਲੀ ਤਰਜੀਹ ਦੀਆਂ ਨਹਿਰਾਂ ਨੂੰ ਪੂਰੇ 8 ਦਿਨਾਂ ਲਈ ਪੂਰਾ ਪਾਣੀ ਮਿਲੇਗਾ। ਦੂਜੀ ਤਰਜੀਹ ਵਾਲੀਆਂ ਨਹਿਰਾਂ ਨੂੰ ਨਿਗਰਾਨ ਇੰਜੀਨੀਅਰ, ਫਿਰੋਜ਼ਪੁਰ ਕੈਨਾਲ ਸਰਕਲ, ਫਿਰੋਜ਼ਪੁਰ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਪਾਣੀ ਮਿਲੇਗਾ।
3. ਨਹਿਰਾਂ ਦੇ ਗਰੁੱਪਾਂ ਦਾ ਵੇਰਵਾ ਨਾਲ ਨੱਥੀ ਹੈ।

ਚਲਦਾ ਪੰਨਾ -4

ਸਰਹੰਦ ਫੀਡਰ, ਈਸਟਰਨ ਕੈਨਾਲ ਅਤੇ ਫਿਰੋਜ਼ਪੁਰ ਫੀਡਰ ਦਾ ਰਬੀ ਸਮਾਂ 24-10-2024 ਤੋਂ ਮਿਤੀ 25-04-2025 ਤੱਕ ਦਾ ਵਾਰੀ ਬੰਦੀ ਪ੍ਰੋਗਰਾਮ।

| ਗਰੁੱਪ 'ਏ' | | | ਗਰੁੱਪ 'ਬੀ' | | |
|---|---|---|---|---|---|
| ਲੜੀ ਨੰ: | ਨਹਿਰ ਦਾ ਨਾਂ | ਡਿਸਚਾਰਜ (ਕਿਊਸਿਕ) | ਲੜੀ ਨੰ: | ਨਹਿਰ ਦਾ ਨਾਂ | ਡਿਸਚਾਰਜ (ਕਿਊਸਿਕ) |
| 1. | ਉਦੇਕਰਨ ਰਜਬਾਹਾ | 12.00 | 1. | ਅਰਨੀਵਾਲਾ ਰਜਬਾਹਾ | 610.00 |
| 2. | ਮੁਕਤਸਰ ਰਜਬਾਹਾ | 139.00 | 2. | ਅਲਮਵਾਲਾ ਰਜਬਾਹਾ | 81.00 |
| 3. | ਰੁਪਾਨਾ ਰਜਬਾਹਾ | 43.00 | 3. | ਕਰਮਗੜ ਰਜਬਾਹਾ | 72.00 |
| 4. | ਮੇਹਰਵਾਲਾ ਰਜਬਾਹਾ | 20.00 | 4. | ਬੇਦੀਵਾਲਾ ਰਜਬਾਹਾ | 32.00 |
| 5. | ਢੋਡੇਵਾਲਾ ਰਜਬਾਹਾ ਅਤੇ ਸਿੱਧੇ ਨਿਕਲੇ ਮੋਘੇ | 54.00 | 5. | ਮਲੂਕਪੂਰਾ ਰਜਬਾਹਾ | 491.00 |
| 6. | ਮਲੋਟ ਰਾਜਬਾਹਾ ਬੇਦੀਆਂ ਮਾਈਨਰ ਕੋਪ ਭਾਈ ਅਤੇ ਸਿੱਧੇ ਨਿਕਲੇ ਮੋਘੇ | 109.00 | 6. | ਕੱਖਾਂਵਾਲੀ ਰਜਬਾਹਾ | 28.00 |
| 7. | ਲਾਲ ਭਾਈ ਰਜਬਾਹਾ | 92.00 | 7. | ਸਰਾਵਾਂ ਰਜਬਾਹਾ | 50.00 |
| 8. | ਸੁਖਚੈਨ ਰਜਬਾਹਾ | 152.00 | 8. | ਅਸਪਾਲ ਰਜਬਾਹਾ | 72.00 |
| 9. | ਅਧੀਨਅਰ ਮਾਈਨਰ ਅਤੇ ਸਿੱਧੇ ਨਿਕਲੇ ਮੋਘੇ | 12.00 | 9. | ਗੋਬਿੰਦਗੜ੍ਹ ਰਜਬਾਹਾ | 15.00 |
| 10. | ਲੰਬੀ ਰਜਬਾਹਾ | 318.00 | 10. | ਪੁਨਜਾਵਾਂ ਰਜਬਾਹਾ | 234.00 |
| 11. | ਲੋਅਰ ਟਿਊਨਾ | 20.00 | 11. | ਸ਼ਬਸੀਆਂ ਰਜਬਾਹਾ | 6.00 |
| 12. | ਸਪਲੀਮੈਂਟਰੀ ਸਕੀਮ ਅਤੇ ਸਿੱਧੇ ਨਿਕਲੇ ਮੋਘੇ (ਅੰਦਾਜਨ) ਇੰਕਲੁਡਿੰਗ ਲੋਸਿਜ਼ | 200.00 | 12. | ਨਿਊ ਅਬੁਲ ਖੁਰਾਣਾ ਰਜਬਾਹਾ | 45.00 |
| | | | 13. | ਲੁਗੜ ਮਾਈਨਰ | 7.00 |
| | | | | ਲੋਸਿਜ਼ | 190.00 |
| | ਜੋੜ | 1171.00 cs | | ਜੋੜ | 1936.00 cs |

<u>ਹਰੀਕੇ ਮੰਡਲ</u>

| | | |
|---|---|---|
| 1. | ਘੱਲ ਰਜਬਾਹਾ | 10.00 ਕਿਊਸਕ |
| 2. | ਕਾਸੂਬੇਗ ਰਜਬਾਹਾ | 106.00 ,, |
| 3. | ਜੀਤ ਰਜਬਾਹਾ | 35.00 ,, |
| 4. | ਗੋਲੇਵਾਲਾ ਰਜਬਾਹਾ | 264.00 " |
| 5. | ਮੁਦਕੀ ਰਜਬਾਹਾ | 292.00 " |
| 6. | ਲੋਅ ਲੇਵਲ ਮਚਾਕੀ ਰਜਬਾਹਾ | 21.00 " |
| 7. | ਚੋਤਰੀ ਰਜਬਾਹਾ | 31.00 " |
| 8. | ਵਿਕਰਾਂਵਾਲੀ ਰਜਬਾਹਾ | 4.00 " |
| | ਜੋੜ | 763.00 ਕਿਊਸਿਕਸ |

ਕੁੱਲ ਜੋੜ ( ਸਰਹੰਦ ਫੀਡਰ + ਹਰੀਕੇ ਮੰਡਲ) 1171 +763 = 1934 ਕਿਊਸਿਕਸ

ਨੋਟ :-ਇਸ ਸਮੇਂ ਦੌਰਾਨ ਜੇਕਰ ਕਿਸੇ ਕਾਰਨ ਕਰਕੇ ਨਹਿਰ ਦੀ ਬੰਦੀ ਆ ਜਾਂਦੀ ਹੈ ਤਾਂ ਸਬੰਧਤ ਨਿਗਰਾਨ ਇੰਜੀਨੀਅਰ ਵੱਲੋਂ ਵਾਰੀ ਬੰਦੀ ਪ੍ਰੋਗਰਾਮ ਬਿਨ੍ਹਾਂ ਕਿਸੇ ਨੋਟਿਸ ਦੇ ਬਦਲਿਆ/ਦੋਹਰਾਇਆ ਜਾ ਸਕਦਾ ਹੈ।